



# ਮਧਕਾਲੀਨ ਪੰਜਾਬੀ ਵਾਰਤਕ

## ਬਹੁ ਅਤੇ ਪਾਰ-ਸਭਿਆਚਾਰਕ ਪਰਿਪੇਖ

### (ਜਨਮਸਾਖੀਆਂ ਦੇ ਵਿਸ਼ੇਸ਼ ਸੰਦਰਭ ਵਿਚ)

ਸਭਿਆਚਾਰ ਮਨੁੱਖੀ ਸਮਾਜ ਦਾ ਸਰਬ-ਵਿਆਪਕ ਵਰਤਾਰਾ ਹੈ।[1] ਹਰੇਕ ਸਮਾਜ ਦੀਆਂ ਪ੍ਰਕਿਰਤਕ ਹਾਲਤਾਂ ਵੱਖੋ-ਵੱਖਰੀਆਂ ਹੋਣ ਕਰਕੇ ਹਰੇਕ ਸਮਾਜ ਦਾ ਸਭਿਆਚਾਰ ਵੀ ਵੱਖਰਾ ਹੁੰਦਾ ਹੈ। ਇਹੀ ਵਖਰੇਵਾਂ ਉਸ ਸਮਾਜ ਦੀ ਨਿਵੇਕਲੀ ਹੋਂਦ ਅਤੇ ਪਛਾਣ ਦਾ ਆਧਾਰ ਬਣ ਜਾਂਦਾ ਹੈ।[2] ਇਸ ਸਭਿਆਚਾਰਕ ਭਿੰਨਤਾ ਅਤੇ ਅਨੇਕਤਾ ਨੂੰ ਕਿਵੇਂ ਵੇਖਿਆ ਜਾਵੇ? ਇਹ ਸਭਿਆਚਾਰਕ ਭਿੰਨਤਾ ਅਤੇ ਅਨੇਕਤਾ ਦੋ ਬਿਲਕੁਲ ਵਿਰੋਧੀ ਵਰਤਾਰਿਆਂ ਨੂੰ ਜਨਮ ਦਿੰਦੀ ਹੈ-ਇਕ ਨੂੰ ਨਸਲਮੁਖਤਾ (Ethnocontrism) ਅਤੇ ਦੂਜੇ ਨੂੰ ਸਭਿਆਚਾਰਕ ਸਾਪੇਖਤਾ (Cultural Relativity) ਆਖਿਆ ਜਾਂਦਾ ਹੈ।[3] ਆਪਣੇ ਹੀ ਦ੍ਰਿਸ਼ਟੀਕੋਣ ਤੋਂ ਬਾਕੀ ਸਭਿਆਚਾਰਾਂ ਨੂੰ ਵੇਖਣਾ ਅਤੇ ਉਹਨਾਂ ਦਾ ਮੁਲਾਂਕਣ ਕਰਨਾ ਨਸਲਮੁਖਤਾ ਹੈ। ਇਸ ਵਿਚ ਆਪਣੇ ਸਭਿਆਚਾਰ ਨੂੰ ਦੂਜੇ ਸਭਿਆਚਾਰਾਂ ਨਾਲੋਂ ਉੱਚਾ ਅਤੇ ਵਧੇਰੇ ਚੰਗਾ ਸਮਝਣ ਦੀ ਪ੍ਰਵਿਰਤੀ ਪਾਈ ਜਾਂਦੀ ਹੈ। ਬੇਸ਼ੱਕ ਦੂਜਿਆਂ ਦੇ ਮੁਕਾਬਲੇ ਆਪਣੇ ਆਪ ਨੂੰ ਉੱਤਮ ਸਮਝਣ ਦਾ ਭਰਮ ਸਵੈ-ਵਿਸ਼ਵਾਸ ਪੈਦਾ ਕਰਦਾ ਹੈ, ਇਕਮਿਕਤਾ ਦਾ ਅਹਿਸਾਸ ਵਧਦਾ ਹੈ ਅਤੇ ਸਮਾਜਕ ਸੰਗਠਨ ਮਜਬੂਤ ਹੁੰਦਾ ਹੈ। ਪਰ ਇਕ ਖ਼ਾਸ ਪੜਾਅ ਤੋਂ ਮਗਰੋਂ ਦੂਜੇ ਨੂੰ ਘਟੀਆ ਸਮਝਣ ਦੀ ਭਾਵਨਾ ਉਸ ਸਭਿਆਚਾਰ ਨੂੰ ਖ਼ਤਮ ਕਰਨ ਜਾਂ ਉਸਨੂੰ ਆਪਣਾ ਵਧੀਆ ਸਭਿਆਚਾਰ ਸਿਖਾਉਣ ਦੀ ਭਾਵਨਾ ਵਿਚ ਬਦਲ ਜਾਂਦੀ ਹੈ। ਇਹ ਬਿਰਤੀ ਭਿਆਨਕ ਸਿੱਟਿਆਂ ਨੂੰ ਜਨਮ ਦਿੰਦੀ ਹੈ, ਜਿਸਦਾ ਸਿਖਰ ਨਸਲਵਾਦ ਅਤੇ ਫਾਸ਼ਿਜ਼ਮ ਦੀ ਵਿਚਾਰਧਾਰਾ ਹੁੰਦਾ ਹੈ।[4] ਸਭਿਆਚਾਰਕ ਸਾਪੇਖਤਾ ਦਾ ਸਿਧਾਂਤ ਨਸਲਮੁਖਤਾ ਦੀ ਇਸ ਪ੍ਰਵਿਰਤੀ ਦੇ ਪ੍ਰਤੀਕਰਮ ਵਜੋਂ ਹੋਂਦ ਵਿਚ ਆਇਆ ਹੈ। ਇਸ ਸਿਧਾਂਤ ਅਨੁਸਾਰ ਹਰ ਸਭਿਆਚਾਰ ਨੂੰ ਉਸਦੇ ਆਪਣੇ ਮੂਲ ਆਧਾਰਾਂ ਉਤੇ ਹੀ ਵੇਖਣਾ ਅਤੇ ਪਰਖਣਾ ਜ਼ਰੂਰੀ ਹੈ, ਜਿਨ੍ਹਾਂ ਕਾਰਨ ਉਹ ਹੋਂਦ ਵਿਚ ਆਇਆ ਹੁੰਦਾ ਹੈ।



**ਡਾ.ਪਰਮਿੰਦਰ ਸਿੰਘ**
ਐਸੋਸੀਏਟ ਪ੍ਰੋਫ਼ੈਸਰ
ਪੰਜਾਬੀ ਵਿਭਾਗ
ਖ਼ਾਲਸਾ ਕਾਲਜ
ਅੰਮ੍ਰਿਤਸਰ
99150-22091
parminderuppal10@gmail.com

ਅਸਲ ਵਿਚ ਸਭਿਆਚਾਰ ਸਹਿਹੋਂਦ ਅਤੇ ਸਾਂਝ ਵਿਚ ਉਸਰਦਾ ਹੈ। ਇਸੇ ਸੰਮਿਲਨੀ ਚਰਿੱਤਰ ਕਰਕੇ ਸਭਿਆਚਾਰ ਸੰਵਾਦੀ ਸੁਭਾਅ ਵਾਲਾ ਹੁੰਦਾ ਹੈ। ਇਸ ਲਈ ਇਕ ਸਭਿਆਚਾਰ ਦੀ ਵਿਸ਼ੇਸ਼ਤਾ ਦੂਜੇ ਨੂੰ ਸਵੀਕਾਰ ਕਰ ਲੈਂਦੀ ਹੈ। ਸਮੁੱਚੇ ਵਿਸ਼ਵ ਨੂੰ ਵਿਸ਼ੇਸ਼ ਸਭਿਆਚਾਰਾਂ ਦਾ ਰੰਗੀਨ ਸਮੂਹ ਨਾ ਮੰਨਣਾ ਹਰ ਕਿਸਮ ਦੇ ਫਾਸ਼ੀਵਾਦ ਨੂੰ ਸੱਦਾ ਦੇਣਾ ਹੈ।[5] ਫਾਸ਼ੀਵਾਦ ਕਿਸੇ ਸਭਿਆਚਾਰ ਨੂੰ ਵਿਸ਼ੇਸ਼ ਨਹੀਂ ਮੰਨਦਾ। ਉਹ ਇਕਸਾਰ ਲਈ ਜਬਰ ਕਰਦਾ ਹੈ ਅਤੇ ਵਿਸ਼ੇਸ਼ਤਾ ਨੂੰ ਢਾਉਂਦਾ ਹੈ। ਅੱਜ ਜੇ ਕਿਸੇ ਸਭਿਆਚਾਰ/ਕੌਮ ਨੇ ਵਿਗਸਣਾ ਹੈ ਤਾਂ ਉਸ ਲਈ ਰਾਹ ਆਪਣੀ ਪਛਾਣ ਨੂੰ ਖੁੱਲ੍ਹਾ ਰੱਖਣਾ ਹੈ, ਉਸ ਵਿਚ ਹੋਰ ਪਛਾਣਾਂ ਲਈ ਗੁੰਜਾਇਸ਼ ਬਣਾਉਣਾ ਹੈ। ਇਕ ਗੁਲਦਸਤੇ ਦੀ ਪਛਾਣ ਉਸ ਵਿਚ ਵਿਲੱਖਣ ਫੁੱਲਾਂ ਜਾਂ ਪਛਾਣਾਂ ਦੀ

ਸੰਵਾਦੀ ਹਾਜ਼ਰੀ ਹੈ।[6] ਇਸੇ ਦ੍ਰਿਸ਼ਟੀ ਤੋਂ ਕੈਨੇਡਾ ਸਰਕਾਰ ਨੇ ਆਪਣੇ ਦੇਸ਼ ਨੂੰ ਅਨੇਕ ਸਭਿਆਚਾਰਾਂ ਦਾ ਦੇਸ਼ ਮੰਨ ਲਿਆ ਹੈ ਅਤੇ ਅਮਰੀਕਾ ਵੀ ਇਸੇ ਨੀਤੀ ਨੂੰ ਅਪਣਾ ਰਿਹਾ ਹੈ ਪਰ ਨਸਲੀ ਵਿਤਕਰਾ, ਰੰਗ ਭੇਦ ਦੀ ਲੁਕਵੀ ਜਾਂ ਪ੍ਰਗਟ ਨੀਤੀ ਅਤੇ ਜਾਤੀ ਉਤਮਤਾ ਮਨੁੱਖਾਂ ਵਿਚਕਾਰ ਮਸਨੂਈ ਵੰਡੀਆਂ ਪਾ ਕੇ ਵਿਭਿੰਨ ਭਾਈਚਾਰਿਆਂ ਨੂੰ ਨਾ-ਬਰਾਬਰੀ ਅਤੇ ਵਿਤਕਰੇ ਦਾ ਸ਼ਿਕਾਰ ਬਣਾਉਂਦੀ ਹੈ। ਇੰਗਲੈਂਡ ਅਤੇ ਅਮਰੀਕਾ ਵਰਗੇ ਵਿਕਸਿਤ ਮੁਲਕ ਵੀ ਇਸ ਕਿਸਮ ਦੇ ਨਸਲੀ ਵਿਤਕਰੇ ਅਤੇ ਰੰਗ ਭੇਦ, ਧਰਮ, ਕੌਮ, ਭਾਸ਼ਾ ਅਤੇ ਖੇਤਰੀ ਸਭਿਆਚਾਰਾਂ ਨਾਲ ਸਬੰਧਿਤ ਵਿਤਕਰਿਆਂ ਵਿਚ ਸ਼ਾਮਲ ਹਨ। ਇਸ ਤੋਂ ਇਲਾਵਾ ਪਰਵਾਸੀ, ਘੱਟ-ਗਿਣਤੀਆਂ ਅਤੇ ਹਾਸ਼ੀਆਗਤ ਜੀਵਨ ਗੁਜ਼ਾਰ ਰਹੇ ਵਰਗਾਂ ਨਾਲ ਹੁੰਦੀ ਬੇਇਨਸਾਫੀ ਸਾਡੇ ਸਮਿਆਂ ਦੀ ਤਲਖ ਹਕੀਕਤ ਹੈ।

ਦਰਅਸਲ ਹਰ ਵਿਲੱਖਣ ਖਿੱਤੇ ਜਾਂ ਧਰਤੀ ਦੇ ਲੋਕ ਇਕ ਸਭਿਆਚਾਰ ਹਨ, ਕੇਵਲ ਕੌਮ ਨਹੀਂ। ਕੌਮ ਦਾ ਸੰਕਲਪ ਦੂਜਿਆਂ ਤੋਂ ਅਲਹਿਦਗੀ ਨਾਲ ਜੁੜਿਆ ਹੋਣ ਕਰਕੇ ਇਕ ਸੌੜਾ ਸੰਕਲਪ ਹੈ। ਇਸ ਵਿਚ ਇਕ ਵਿਚਾਰਧਾਰਾ ਦੀ ਪ੍ਰਧਾਨਤਾ ਹੁੰਦੀ ਹੈ। ਆਮ ਤੌਰ ’ਤੇ ਜਿਹੜਾ ਵਰਗ ਤਾਕਤ ਵਿਚ ਹੁੰਦਾ ਹੈ, ਆਪਣੇ ਰਾਜਨੀਤਕ ਅਤੇ ਆਰਥਿਕ ਬਲ ਨਾਲ ਦੂਜੇ ਵਰਗਾਂ ਨੂੰ ਉਨ੍ਹਾਂ ਦੇ ਦ੍ਰਿਸ਼ਟੀਕੋਣਾਂ ਅਤੇ ਵਿਚਾਰਧਾਰਾਵਾਂ ਸਮੇਤ ਦਬਾਅ ਲੈਂਦਾ ਹੈ। ਆਪਣੀ ਵਿਚਾਰਧਾਰਾ ਸਥਾਪਿਤ ਕਰ ਲੈਂਦਾ ਹੈ। ਕੌਮ ਅਤੇ ਕੌਮਵਾਦ ਦੇ ਸੰਕਲਪ ਨਾਲ ਵਿਸ਼ਵ ਵਿਚ ਸੰਵਾਦ ਨਹੀਂ ਰਚਿਆ ਜਾ ਸਕਦਾ।

ਸਭਿਆਚਾਰ ਵਿਸ਼ਾਲ ਸੰਕਲਪ ਹੈ। ਇਸਨੂੰ ਪ੍ਰਕਿਰਤੀ ਅਤੇ ਸਭਿਆਚਾਰ ਦੇ ਦਵੰਦ ਦੀ ਬਜਾਏ ਇਸ ਦੀ ਅੰਤਰ-ਸਬੰਧਿਤਾ ਵਿਚੋਂ ਸਮਝਣ ਦੀ ਲੋੜ ਹੈ। ਸਭਿਆਚਾਰ ਵਿਚ ਕਈ ਕੌਮਾਂ ਸਹਿਹੋਂਦ ਨਾਲ ਇਕੱਠੀਆਂ ਵੱਸ ਸਕਦੀਆਂ ਹਨ। ਵਿਸ਼ਵ ਨੂੰ ਸਭਿਆਚਾਰਾਂ ਦਾ ਸਮੂਹ ਮੰਨਣ ਨਾਲ ਸੰਵਾਦ ਦੀ ਸੰਭਾਵਨਾ ਵਧਦੀ ਹੈ। ਇਸੇ ਸਹਿਨਸ਼ੀਲਤਾ, ਸੰਵਾਦ ਅਤੇ ਸਹਿਹੋਂਦ ਦੀ ਦ੍ਰਿਸ਼ਟੀ ਨੂੰ ਬਹੁ-ਸਭਿਆਚਾਰਵਾਦ (Multiculturism) ਦਾ ਨਾਂ ਦਿੱਤਾ ਗਿਆ ਹੈ। ਬਹੁ-ਸਭਿਆਚਾਰਵਾਦ ਭਿੰਨ-ਭਿੰਨ ਲੋਕਾਂ ਦੇ ਰਹਿਣ ਸਹਿਣ ਅਤੇ ਵਰਤ-ਵਰਤਾਰੇ ਨੂੰ ਵੇਖਣ ਵਾਲੀ ਇਕ ਦ੍ਰਿਸ਼ਟੀ ਹੈ। ਬਹੁ-ਸਭਿਆਚਾਰ ਅਤੇ ਪਾਰ-ਸਭਿਆਚਾਰ ਸਹਿ-ਸਬੰਧਿਤ ਵਰਤਾਰੇ ਹਨ। ਪਾਰ-ਸਭਿਆਚਾਰ ਨੂੰ 'ਖੁਦ ਨੂੰ ਦੂਸਰੇ ਵਿਚ ਵੇਖਣ', 'ਸਮੁੱਚੇ ਮਨੁੱਖੀ ਸਭਿਆਚਾਰਾਂ ਦੇ ਮਿਲਵਰਤਣ' ਅਤੇ 'ਇਕ ਤੋਂ ਵਧੇਰੇ ਸਭਿਆਚਾਰਾਂ ਦੇ ਸੰਯੋਜਨ' ਦੇ ਰੂਪ ਵਿਚ ਵੀ ਪਛਾਣਿਆ ਗਿਆ ਹੈ। ਦਰਅਸਲ ਸਭਿਆਚਾਰਕ ਵੱਖਰਤਾਵਾਂ ਤੋਂ ਉੱਪਰ ਉੱਠ ਕੇ ਸੋਚਣਾ ਹੀ ਪਾਰ-ਸਭਿਆਚਾਰਵਾਦ (Transculturism) ਹੈ। ਸਭਿਆਚਾਰ ਦੀ ਸਹੀ ਪਛਾਣ ਬਹੁ ਅਤੇ ਪਾਰ-ਸਭਿਆਚਾਰਕ ਦ੍ਰਿਸ਼ਟੀ ਦੇ ਪ੍ਰਸੰਗ ਵਿਚ ਹੀ ਹੋ ਸਕਦੀ ਹੈ।

ਧਰਮਾਂ, ਕੌਮੀਅਤ ਅਤੇ ਸਭਿਆਚਾਰਾਂ ਦੀ ਅਨੇਕਤਾ ਵਾਲੇ ਕਿਸੇ ਵੀ ਆਜ਼ਾਦ ਦੇਸ਼ ਵਿਚ ਕੌਮੀਅਤ ਦੇ ਸਵਾਲ ਨੂੰ ਨਜਿਠਣ ਦੇ ਦੋ ਤਰੀਕੇ ਹੋ ਸਕਦੇ ਹਨ। ਇਕ ਲੋਕਤੰਤਰੀ ਤਰੀਕਾ, ਜਿਸ ਵਿਚ ਹਰ ਕੌਮੀਅਤ ਨੂੰ ਆਪਣੇ ਸਭਿਆਚਾਰ ਦਾ ਵਿਕਾਸ ਕਰਨ ਦਾ ਮੌਕਾ ਦਿੱਤਾ ਜਾਂਦਾ ਹੈ[7] ਅਤੇ ਦੂਜਾ ਤਰੀਕਾ ਇਹ ਹੈ ਕਿ ਕੌਮੀ ਏਕਤਾ ਅਤੇ ਇਕ ਕੌਮੀ ਸਭਿਆਚਾਰ ਦੇ ਨਾਂ ਉਤੇ ਕੌਮੀਅਤਾਂ ਦੇ ਸਭਿਆਚਾਰ ਨੂੰ ਖਤਮ ਕੀਤਾ ਜਾਏ। ਤਾਕਤ ਦੀ ਵਰਤੋਂ ਇਸ ਤਰੀਕੇ ਦਾ ਲਾਜਮੀ ਅੰਸ਼ ਹੈ ਅਤੇ ਸਿਖਰਲੇ ਰੂਪ ਵਿਚ ਇਹ ਫਾਸ਼ਿਜ਼ਮ ਤਰੀਕਾ ਹੋ ਨਿਬੜਦਾ ਹੈ।[8] ਭਾਰਤ ਵਿਚ ਇਹ ਦੋਵੇਂ ਰੁਝਾਨ ਨਾਲੋ-ਨਾਲ ਚਲਦੇ ਵੇਖੇ ਜਾ ਸਕਦੇ ਹਨ। ਪੰਜਾਬ ਵਿਚ ਬਸਤੀਵਾਦੀ ਦੌਰ ਵਿਚ ਪੈਦਾ ਹੋਏ ਰੁਝਾਨਾਂ ਨੂੰ ਸਰਕਾਰ ਸਮੇਤ ਵੱਖ-ਵੱਖ ਤਾਕਤਾਂ ਵੱਲੋਂ ਕਾਇਮ ਰੱਖਿਆ ਗਿਆ, ਉਕਸਾਇਆ ਗਿਆ ਅਤੇ ਵਧਾਇਆ ਗਿਆ।[9] ਬੰਗਾਲ ਵਰਗੇ ਰਾਜ ਜਿਥੇ ਕੌਮੀਅਤ ਦੀ ਭਾਵਨਾ ਵਿਕਾਸ ਕਰ ਚੁੱਕੀ ਸੀ ਉਥੇ ਇਹ ਰੁਝਾਨ ਬਹੁਤਾ ਨੁਕਸਾਨ ਨਹੀਂ ਕਰ ਸਕੇ।[10] ਪੰਜਾਬ ਦੀਆਂ ਵਿਸ਼ੇਸ਼ ਹਾਲਤਾਂ ਕਾਰਣ ਇਥੇ ਕੌਮੀਅਤ ਦਾ ਸੰਕਲਪ ਵਧੇਰੇ ਧੀਮੀ ਤਰ੍ਹਾਂ ਵਿਕਾਸ ਕਰਦਾ ਹੈ।[11] ਮਹਾਰਾਜਾ ਰਣਜੀਤ ਸਿੰਘ ਨੇ ਬੇਸ਼ੱਕ ਪੰਜਾਬੀ ਨੂੰ ਆਪਣੀ ਰਾਜ-ਭਾਸ਼ਾ ਨਹੀਂ ਬਣਾਇਆ ਅਤੇ ਨਾ ਹੀ ਪੰਜਾਬੀ ਸਭਿਆਚਾਰ ਲਈ ਕੋਈ ਉਚੇਚੇ ਯਤਨ ਕੀਤੇ ਪਰ ਉਸਦੇ ਰਾਜਕਾਲ ਵਿਚ ਪੰਜਾਬੀਅਤ ਦੇ ਅਹਿਸਾਸ ਨੂੰ ਜੋ ਪਕਿਆਈ ਮਿਲੀ ਉਹ ਕਿਸੇ ਹੋਰ ਵੇਲੇ ਨਹੀਂ ਮਿਲੀ।[12] ਅੰਗਰੇਜ਼ਾਂ ਨੇ ਸਾਂਝੀ ਕੌਮੀਅਤ ਦੇ ਵਿਕਸ ਰਹੇ ਅਹਿਸਾਸ ਨੂੰ ਨਸ਼ਟ ਕੀਤਾ।[13] ਇਸਦੇ ਨਾਲ ਹੀ ਸੰਪਰਦਾਇਕ ਸੰਗਠਨ ਕੌਮ ਅਤੇ ਕੌਮੀਅਤ ਦੇ ਸੰਕਲਪ ਨੂੰ ਧਰਮਾਂ ਨਾਲ ਜੋੜ ਕੇ ਕੌਮੀ ਭਾਵਨਾ ਨੂੰ ਤਾਰੋਪੀਡ ਕਰਦੇ ਹੋਏ ਸਾਮਰਾਜੀ ਹੱਥਾਂ ਵਿਚ ਖੇਡਦੇ ਰਹੇ।[14]

ਬੇਸ਼ੱਕ ਵਿਸ਼ਵ ਚਿੰਤਨ ਵਿਚ ਬਹੁ-ਸਭਿਆਚਾਰਵਾਦ ਨੂੰ 20ਵੀਂ ਸਦੀ ਦੇ ਅੰਤਲੇ ਦਹਾਕਿਆਂ ਵਿਚ ਚਰਚਾ ਵਿਚ ਆਇਆ ਮੂਲੋਂ ਨਵਾਂ ਪੱਛਮੀ ਸੰਕਲਪ ਮੰਨਿਆ ਜਾਂਦਾ ਹੈ ਪਰ ਮਧਕਾਲੀਨ ਭਾਰਤ ਵਿਚ ਇਸ

ਦਾ ਵਿਹਾਰਕ ਰੂਪ ਪਹਿਲਾਂ ਹੀ ਮੌਜੂਦ ਸੀ। ਮਧਕਾਲ ਸਮੁੱਚੇ ਇਤਿਹਾਸਕ ਪ੍ਰਸੰਗ ਵਿਚ ਇਕ ਵਿਸ਼ੇਸ਼ ਕਾਲ ਹੈ, ਜਿਸ ਦਾ ਇਕ ਸਿਰਾ ਆਦਿ ਕਾਲ ਨਾਲ ਅਤੇ ਦੂਜਾ ਆਧੁਨਿਕ ਕਾਲ ਨਾਲ ਜੁੜਦਾ ਹੈ। ਸਾਹਿਤ ਅਤੇ ਚਿੰਤਨ ਦੇ ਪਰਿਪੇਖ ਵਿਚ 'ਮਧਕਾਲੀਨਤਾ' ਦਾ ਅਰਥ ਇਸ ਕਾਲ ਖੰਡ ਦੇ ਮਨੁੱਖ ਦਾ ਜੀਵਨ-ਦਰਸ਼ਨ, ਉਸ ਦੀਆਂ ਰੁਚੀਆਂ ਅਤੇ ਦ੍ਰਿਸ਼ਟੀ ਨਾਲ ਸਬੰਧਤ ਹੈ, ਜਿਸ ਦੇ ਅੰਤਰਗਤ ਮਧਕਾਲੀਨ ਮਨੁੱਖ ਆਪਣੇ ਆਲੇ-ਦੁਆਲੇ ਦੇ ਜੀਵਨ-ਵਰਤਾਰੇ, ਪ੍ਰਕਿਰਤਕ ਸ਼ਕਤੀਆਂ ਅਤੇ ਬ੍ਰਹਿਮੰਡਕ ਪਸਾਰੇ ਬਾਰੇ ਸੋਚਦਾ, ਸਮਝਦਾ ਤੇ ਮਹਿਸੂਸ ਕਰਦਾ ਹੈ। ਮੱਧਕਾਲ ਦਾ ਸਮਾਜ ਮਿਸ਼ਰਤ ਅਤੇ ਬਹੁ-ਸਭਿਆਚਾਰਕ ਸਮਾਜ ਹੈ। ਇਸ ਦੀ ਭਾਸ਼ਾ ਵੀ ਮਿਸ਼ਰਿਤ ਹੈ।

ਭਾਰਤ ਦਾ ਕਈ ਹਜ਼ਾਰ ਸਾਲ ਪੁਰਾਣਾ ਸਭਿਆਚਾਰਕ ਇਤਿਹਾਸ ਹੈ। ਇਥੇ ਵੱਸਦੀਆਂ ਸਥਾਨਕ ਕੌਮੀਅਤਾਂ ਦੇ ਨਾਲ-ਨਾਲ ਬਾਹਰੋਂ ਆਏ ਲੋਕਾਂ ਨੇ ਇਹਨਾਂ ਨਾਲ ਰਚ-ਮਿਚ ਕੇ ਇਕ ਮਜ਼ਬੂਤ ਅਤੇ ਵਿਸ਼ਾਲ ਸਭਿਆਚਾਰ ਸਿਰਜਿਆ ਹੈ। ਬਹੁ-ਸਭਿਆਚਾਰਕ ਵਰਤਾਰੇ ਵਿਚ ਰਹਿਣਾ ਪੰਜਾਬੀ ਸਭਿਆਚਾਰ ਦਾ ਇਕ ਅਹਿਮ ਲੱਛਣ ਹੈ। ਸਾਹਿਤਕ ਹਵਾਲੇ ਨਾਲ ਬਹੁ-ਸਭਿਆਚਾਰਕ ਦ੍ਰਿਸ਼ਟੀ ਦੀ ਵੱਡੀ ਮਿਸਾਲ ਗੁਰੂ ਗ੍ਰੰਥ ਸਾਹਿਬ ਦਾ ਸੰਪਾਦਨ ਹੈ। ਗੁਰਬਾਣੀ ਦਾ ਸੁਭਾਅ ਸਥਾਨਕ ਹੁੰਦਿਆਂ ਹੋਇਆਂ ਵੀ ਵਿਸ਼ਵ-ਵਿਆਪੀ ਤੇ ਵਿਸ਼ੇਸ਼ ਕਰਕੇ ਭਾਰਤੀ ਹੈ। ਗੁਰੂ ਸਾਹਿਬ ਵੱਲੋਂ ਪੰਜਾਬੀ ਤੋਂ ਇਲਾਵਾ ਹੋਰ ਬੋਲੀਆਂ ਨੂੰ ਅਪਨਾਉਣਾ, ਭਾਰਤੀ ਸੰਸਕ੍ਰਿਤੀ ਦੀ ਪੁਨਰ-ਸੁਰਜੀਤੀ ਦਾ ਯਤਨ ਉਹਨਾਂ ਦੇ ਭਾਰਤ-ਮੁਖ ਹੋਣ ਵਲ ਸੰਕੇਤ ਕਰਦੇ ਹਨ।[15] ਦਾਰਸ਼ਨਿਕ ਵਿਸ਼ਿਆਂ ਲਈ ਬ੍ਰਜ ਭਾਸ਼ਾ, ਭਗਤੀ ਭਾਵ ਲਈ ਲਹਿੰਦੀ ਪੰਜਾਬੀ ਅਤੇ ਅਧਿਆਤਮਕਤਾ ਲਈ ਅਰਬੀ ਫ਼ਾਰਸੀ ਦੀ ਵਰਤੋਂ ਭਾਈਚਾਰਕ ਸਾਂਝ ਅਤੇ ਬਰਾਬਰੀ ਦਾ ਪ੍ਰਮਾਣ ਹੈ। ਗੁਰੂ ਗ੍ਰੰਥ ਸਾਹਿਬ ਵਿਚ ਵੱਖ-ਵੱਖ ਭਾਸ਼ਾਵਾਂ, ਸਭਿਆਚਾਰ ਅਤੇ ਨਸਲੀ ਵਰਤਾਰੇ ਇਕ ਸਾਂਝੇ ਤਾਲ ਵਿਚ ਬੱਝੇ ਹੋਏ ਹਨ। ਇਸ ਵਿਚ ਹਰ ਭਾਈਚਾਰੇ ਦੀ ਜੀਵਨ-ਜਾਚ ਦਾ ਆਦਰ ਕਰਦਿਆਂ ਉਸ ਨਾਲ ਬਰਾਬਰੀ ਦੇ ਧਰਾਤਲ ਤੇ ਸੰਵਾਦ ਰਚਾਉਣ ਦੀ ਚੇਸ਼ਟਾ ਕੀਤੀ ਗਈ ਹੈ।

ਪੰਜਾਬ ਦੀ ਵਿਸ਼ੇਸ਼ ਮੌਲਿਕਤਾ ਵਿਰੋਧਾਂ ਦਾ ਮੇਲ ਕਰਨ ਦੀ ਸਮਰੱਥਾ ਹੈ। ਇਹ ਸਮਰੱਥਾ ਸੰਵਾਦ ਰਚਣ ਦੀ ਯੋਗਤਾ ਹੈ। ਏ.ਐਲ.ਬੈਸ਼ਮ ਨੇ ਆਪਣੀ ਪੁਸਤਕ 'ਦ ਵੰਡਰ ਦੈਟ ਵਾਜ਼ ਇੰਡੀਆ' ਵਿਚ ਭਾਰਤ ਦੀ ਪੰਜਾਬ ਵਿਚ ਪੱਲਰੀ ਸਭਿਅਤਾ ਬਾਰੇ ਲਿਖਦਿਆਂ ਹਰਮਨ ਪਿਆਰੇ ਸਭਿਆਚਾਰਕ ਅਤੇ ਧਾਰਮਿਕ ਪ੍ਰਤੀਕ 'ਕ੍ਰਿਸ਼ਨ' ਨੂੰ ਆਰੀਆ ਅਤੇ ਪੂਰਵ-ਆਰੀਆ ਸਭਿਆਚਾਰਾਂ ਦਾ ਸੰਯੋਗ ਆਖਦਿਆਂ ਉਸਦੇ ਕਾਲੇ ਰੰਗ ਨੂੰ ਪੂਰਵ-ਆਰੀਆਈ ਸ੍ਰੋਤ ਦਾ ਸੂਚਕ ਮੰਨਿਆ ਹੈ। ਆਰੀਆ ਭਾਵੇਂ ਜੇਤੂ ਰਹੇ ਪਰ ਉਹਨਾਂ ਨੇ ਸੰਯੋਗਮੁਖੀ ਨੀਤੀ ਅਖਤਿਆਰ ਕੀਤੀ। ਇਹੀ ਸੰਯੋਗਮੁਖਤਾ ਸੰਵਾਦਮੁਖਤਾ ਦੇ ਰੂਪ ਵਿਚ ਪੰਜਾਬੀ ਸਭਿਆਚਾਰ ਦਾ ਵਿਸ਼ੇਸ ਆਚਰਣ ਬਣ ਗਈ।[16] ਅਰਥਾਤ ਪੰਜਾਬ ਦਾ ਸੁਭਾਅ ਬਹੁ-ਸਭਿਆਚਾਰਕ ਹੈ। ਇਸ ਨੇ 'ਯੂਨਿਟੀ ਇਨ ਵਰਾਇਟੀ' ਪੈਦਾ ਕੀਤੀ ਹੈ। ਪੰਜਾਬ ਧਰਤਮੁੱਖ (horizontal) ਵਖਰੇਵਿਆਂ ਨੂੰ ਸਵੀਕਾਰ ਕਰਦਾ ਹੈ ਪਰ ਗਗਨਮੁੱਖ (vertical) ਭਿੰਨਤਾਵਾਂ ਨੂੰ ਪ੍ਰਵਾਨ ਨਹੀਂ ਕਰਦਾ।

ਮਧਕਾਲੀ ਪੰਜਾਬੀ ਸਾਹਿਤ ਵਿਚ ਵਾਰਤਕ ਦੀ ਅਮੀਰ ਪਰੰਪਰਾ ਹੈ, ਜਿਸ ਵਿਚ ਜਨਮਸਾਖੀਆਂ ਨੂੰ ਪ੍ਰਮੁੱਖਤਾ ਹਾਸਲ ਹੈ। ਸਾਖੀ, ਜਨਮਸਾਖੀ ਅਤੇ ਪਰਚੀ ਸਾਹਿਤ ਜਿੱਥੇ ਸਿੱਧੇ ਤੌਰ 'ਤੇ ਗੁਰੂ ਦੀ ਦਿੱਬਤਾ ਅਤੇ ਜੀਵਨ ਮਹਿਮਾਂ ਨੂੰ ਉਸਾਰਦਾ ਹੈ, ਉਥੇ ਟੀਕੇ, ਵਚਨ ਅਤੇ ਗੋਸ਼ਟਾਂ ਗੁਰੂ ਦੀ ਬਾਣੀ ਦਾ ਵਿਸਥਾਰ ਹਨ। ਗੁਰਬਾਣੀ ਸਿੱਖ ਫਲਸਫ਼ੇ ਦੀ ਪ੍ਰਤੀਨਿਧਤਾ ਕਰਦੀ ਹੈ ਅਤੇ ਇਸਦੀ ਪੌਰਾਣਿਕ ਪ੍ਰਕਿਰਤੀ ਵਾਲੀ ਪਹਿਲੀ ਪਰੰਪਰਾਵਾਦੀ ਵਿਆਖਿਆ ਜਨਮਸਾਖੀ ਰਾਹੀਂ ਹੁੰਦੀ ਹੈ।[17] ਗੁਰਬਾਣੀ ਗੁਰੂ ਸਾਹਿਬ ਦੀ ਰਚਨਾ ਹੈ ਪਰ ਜਨਮਸਾਖੀਆਂ ਦੇ ਰਚੈਤਾ ਗੁਰੂ ਸਾਹਿਬ ਨੂੰ ਪਿਆਰ ਕਰਨ ਵਾਲੇ ਸ਼ਰਧਾਲੂ ਹਨ, ਜਿਹਨਾਂ ਦਾ ਮਨੋਰਥ ਗੁਰੂ ਸਾਹਿਬ ਦੀ ਉੱਚਤਾ ਅਤੇ ਦਿੱਬਤਾ ਨੂੰ ਪੇਸ਼ ਕਰਨਾ ਸੀ। ਇਕ ਧਰਮ/ਸਭਿਆਚਾਰ ਵੱਲੋਂ ਆਪਣੀ ਵਿਸ਼ੇਸ਼ਤਾ ਜਾਂ ਵਿਲੱਖਣਤਾ ਦੀ ਪੇਸ਼ਕਾਰੀ ਦਾ ਅਰਥ ਇਹ ਨਹੀਂ ਸਮਝਣਾ ਚਾਹੀਦਾ ਕਿ ਉਹ ਧਰਮ/ਸਭਿਆਚਾਰ ਆਪਣੇ ਆਪ ਨੂੰ ਸਰਵੋਤਮ ਕਹਿ ਰਿਹਾ ਹੈ। ਸਾਖੀਕਾਰਾਂ ਨੇ ਗੁਰੂ ਸਾਹਿਬ ਬਾਰੇ ਵਿਭਿੰਨ ਸਾਖੀਆਂ ਰਚ ਕੇ ਇਕ ਪਾਸੇ ਵੈਦਿਕ ਗਿਆਨ ਤੇ ਦੂਜੇ ਪਾਸੇ ਪੌਰਾਣਿਕ ਸਾਹਿਤ ਨੂੰ ਛੋਹਿਆ ਹੈ। ਸਾਖੀਕਾਰ ਭਾਰਤ ਦੀ ਸਮੁੱਚੀ ਦਿਬ-ਪਰੰਪਰਾ ਨੂੰ ਨਾਲ ਲੈ ਕੇ ਚੱਲਦਾ ਹੈ ਅਤੇ ਗੁਰੂ ਨਾਨਕ ਨੂੰ ਇਸ ਕੜੀ ਦਾ ਅਗਲਾ ਪੜਾਅ ਸਵੀਕਾਰ ਕਰਦਾ ਹੈ। ਇਸ ਦੈਵੀ ਰੂਪ ਦੀ ਪਛਾਣ ਦਾ ਆਧਾਰ ਭਾਰਤੀ ਦ੍ਰਿਸ਼ਟੀ ਬਣਦੀ ਹੈ। ਇਹ ਦ੍ਰਿਸ਼ਟੀ ਤੱਥ ਦੀ ਬਜਾਏ ਸੱਚ ਉੱਪਰ ਕੇਂਦਰਤ ਹੈ। ਸਾਖੀਕਾਰ ਦੀ ਅਖੰਡ ਭਾਰਤੀ ਅਧਿਆਤਮਕ ਬਿਰਤੀ ਅਤੇ ਸੰਯੋਗੀ ਦ੍ਰਿਸ਼ਟੀ ਜਨਮਸਾਖੀਆਂ ਦੇ ਆਰ-ਪਾਰ ਫੈਲੀ ਹੋਈ ਹੈ। ਜਨਮਸਾਖੀਆਂ ਤਕ ਵੈਦਿਕ ਪਰੰਪਰਾ ਤੋਂ ਵੱਖਰੀਆਂ ਦਿਬ

ਪਰੰਪਰਾਵਾਂ ਜਨਮ ਲੈ ਚੁੱਕੀਆਂ ਸਨ। ਤੇਤੀਸ ਕਰੋੜੀ ਦੇਵਤਿਆਂ ਤੋਂ ਇਲਾਵਾ ਦਿਬਸ਼ਕਤੀਆਂ ਦੇ ਧਾਰਣੀ ਬੀਰ, ਜਤੀ, ਸਿਧ, ਨਾਥ ਵੀ ਸੁਤੰਤਰ ਪਰੰਪਰਾ ਦਾ ਰੂਪ ਧਾਰ ਚੁਕੇ ਸਨ। ਦੇਵਤੇ, ਬੀਰ, ਜਤੀ, ਸਿਧਾਂ, ਨਾਥਾਂ ਦੀ ਹੋਂਦ ਜਿਸ ਦਿਬ ਸਿਧਾਂਤ ਉੱਪਰ ਆਧਾਰਤ ਹੈ ਉਸੇ ਉੱਪਰ 'ਪਾਰ ਬ੍ਰਹਮ ਕੇ ਨਿੱਜ ਭਗਤੁ ਬਾਬਾ ਨਾਨਕ' ਦਾ ਨਾਇਕਤਵ ਉਸਰਿਆ ਹੈ। ਸਾਖੀਕਾਰ ਪੂਰਵ ਸਿਰਜਤ ਦਿਬ ਸੰਪਰਦਾਇਕ ਸੰਸਾਰ ਨੂੰ ਨਾ ਤਿਆਗਦਾ ਹੈ, ਨਾ ਉਸ ਵਿਚ ਪ੍ਰਵੇਸ਼ ਕਰਦਾ ਹੈ, ਸਗੋਂ ਉਹਨਾਂ ਪਾਸੋਂ ਆਪਣੇ ਨਾਇਕ ਦੀ ਸਿਰਮੌਰਤਾ ਸਵੀਕਾਰ ਕਰਵਾਉਂਦਾ ਹੈ।[18]

ਗੁਰੂ ਜੀ ਦੇ ਜਨਮ ਨਾਲ ਸਬੰਧਿਤ ਸਾਰੇ ਵੇਰਵੇ ਇਸ ਗੱਲ ਦਾ ਪ੍ਰਮਾਣ ਹਨ ਕਿ ਉਹ ਸਾਰੇ ਇਕ ਪਰਮਾਤਮਾ ਦੇ ਅਧੀਨ ਹਨ। ਸੰਪਰਦਾਇਕ ਪੱਧਰ ਉੱਪਰ ਭਾਵੇਂ ਉਹਨਾਂ ਦੀ ਹੋਂਦ ਵੱਖਰੀ ਹੈ ਪਰ ਦੈਵੀ ਪੱਧਰ ਉਤੇ ਇਕਸੁਰ ਵਿਚ ਬੋਲਦੇ ਤੇ ਇਕਰੂਪ ਹੋ ਕੇ ਵਿਚਰਦੇ ਹਨ। ਉਨ੍ਹਾਂ ਵਿਚ ਆਪਸੀ ਰਿਸ਼ਤਾ ਸਦਭਾਉ ਵਾਲਾ ਹੈ ਟਕਰਾਉ ਜਾਂ ਵਿਰੋਧ ਵਾਲਾ ਨਹੀਂ। ਗੁਰੂ ਨਾਨਕ ਦੇਵ ਜੀ ਨੂੰ ਸਾਖੀਕਾਰ ਭਾਰਤੀ ਮਿਥਿਹਾਸ ਦਾ ਇਕ ਅੰਗ ਬਣਾ ਕੇ ਪੇਸ਼ ਕਰਦੇ ਹਨ। ਗੁਰੂ ਨਾਨਕ ਭਾਰਤੀ ਮਿੱਥ ਪਰੰਪਰਾ ਵਿਚ ਨਵੀਨਤਮ ਆਦਰਸ਼ ਪੁਰਖ ਹਨ। ਉਹ ਪਰੰਪਰਾ ਨੂੰ ਤੋੜਦੇ ਨਹੀਂ, ਵਿਸਤਾਰਦੇ ਹਨ। ਜਨਮਸਾਖੀ ਦਾ ਨਾਇਕ ਸਦਭਾਵ ਹੋ ਕੇ ਆਪਣਾ ਪ੍ਰਭਾਵ ਸਥਾਪਿਤ ਕਰਦਾ ਹੈ। ਤਣਾਓ ਜਾਂ ਟਕਰਾਉ ਦਾ ਰਾਹ ਜਨਮਸਾਖੀ-ਬਣਤਰ ਦਾ ਰਾਹ ਨਹੀਂ। ਇਸੇ ਲਈ ਗੁਰੂ ਸਾਹਿਬ ਜਿਥੇ ਜਾਂਦੇ ਹਨ, ਉਥੇ ਸਦਭਾਵ ਵੀ ਵਿਚਰਦਾ ਹੈ।

ਗੁਰੂ ਨਾਨਕ ਦੇ ਜਨਮ ਨਾਲ ਪਰਮੇਸਰ ਦੇ ਦਰਬਾਰੇ ਅਨਹਦ ਸ਼ਬਦ ਦਾ ਵੱਜਣਾ, ਅਵਤਾਰ ਧਾਰਣ ਨਾਲ ਅਨਹਦ ਸ਼ਬਦ ਦਾ ਵੱਜਣਾ ਗੁਰੂ ਨਾਨਕ ਦਾ ਪਰਮਾਤਮਾ ਨਾਲ ਸਬੰਧ ਜੋੜਦਾ ਹੈ। ਜਨਮ ਸਮੇਂ ਤੇਤੀਸ ਕਰੋੜੀ ਦੇਵਤਿਆਂ ਚਉਸਠਿ ਜੋਗਣੀਆਂ, ਬਵੰਜਹ ਬੀਰਾ, ਛਿਆ ਜਤੀਆਂ, ਚਓਰਾਸੀਆਂ ਸਿਧਾਂ, ਨਵਾ ਨਾਥਾਂ ਦਾ ਨਮਸਕਾਰ ਕਰਨਾ ਗੁਰੂ ਨਾਨਕ ਨੂੰ ਹਿੰਦੂ ਮਿਥਿਹਾਸ ਅਤੇ ਧਰਮ ਪਰੰਪਰਾਵਾਂ ਦੀਆਂ ਸਾਰੀਆਂ ਸ਼ਕਤੀਆਂ ਨਾਲ ਜੋੜ ਦਿੰਦਾ ਹੈ। ਗੁਰੂ ਨਾਨਕ ਦੇ ਜਨਮ ਨਾਲ ਸਾਰਾ ਬ੍ਰਹਿਮੰਡ ਪ੍ਰਭਾਵਿਤ ਹੁੰਦਾ ਹੈ। ਦੇਵਤੇ ਅਤੇ ਵੱਖ-ਵੱਖ ਸੰਪਰਦਾਵਾਂ ਦੇ ਆਦਰਸ਼ ਪੁਰਖ ਜਦੋਂ ਜਨਮ ਸਮੇਂ ਖੁਸ਼ੀਆਂ ਮਨਾਉਂਦੇ ਅਤੇ ਨਮਸਕਾਰ ਕਰਦੇ ਹਨ ਤਾਂ ਇਸ ਨਾਲ ਗੁਰੂ ਜੀ ਦੀ ਸਰਵਸ੍ਰੇਸ਼ਟਤਾ ਸਿਧ ਹੁੰਦੀ ਹੈ। ਸਾਖੀਕਾਰ ਗੁਰੂ ਸਾਹਿਬ ਦੀ ਵਿਲੱਖਣਤਾ ਨੂੰ ਉਭਾਰਦਾ ਹੋਇਆ ਸਮੁੱਚੀ ਭਾਰਤੀ ਮਿਥਿਹਾਸਕ ਅਤੇ ਅਧਿਆਤਮਕ ਪਰੰਪਰਾ ਦੇ ਪ੍ਰਸੰਗ ਵਿਚ ਉਹਨਾਂ ਦੇ ਅਵਤਾਰ ਧਾਰਨ ਦੇ ਦ੍ਰਿਸ਼ ਨੂੰ ਪੇਸ਼ ਕਰਦਾ ਹੈ। ਅਵਤਾਰ ਧਾਰਣ ਦਾ ਮਕਸਦ ਜਗਤ ਨਿਸਤਾਰਣ ਹੈ:

> 'ਸ੍ਰੀ ਸਤਿਗੁਰ ਜਗਤ ਨਿਸਤਾਰਣ ਕਉ ਆਇਆ। ਕਲਿਜੁਗ ਵਿਚਿ ਬਾਬਾ ਨਾਨਕ ਹੋਇ ਜਨਮਿਆ। ਪਾਰਬ੍ਰਹਮ ਕਾ ਨਿੱਜ ਭਗਤ।'

ਜਨਮਸਾਖੀਆਂ ਵਿਚ ਗੁਰੂ ਨਾਨਕ ਸਰਵ ਵਿਜੈਈ ਅਤੇ ਸਰਵ ਪ੍ਰਵਾਨ ਦਿੱਬ ਸ਼ਕਤੀ ਵਜੋਂ ਉਘੜਦੇ ਹਨ। ਉਹਨਾਂ ਨੂੰ ਤੇਤੀਸ ਕਰੋੜੀ ਦੇਵਤਿਆਂ, ਬੀਰ, ਜਤੀ, ਸਿਧ, ਨਾਥਾਂ ਤੋਂ ਸ੍ਰੇਸ਼ਠ ਮੰਨਿਆ ਗਿਆ ਹੈ। ਉਹ ਜਗਤ ਨਿਸਤਾਰਣ ਲਈ ਅਵਤਾਰ ਧਾਰਦੇ ਹਨ ਅਤੇ ਕਰਾਮਾਤ ਕਰਦੇ ਹਨ। ਗੁਰੂ ਨਾਨਕ ਨਾਂ ਤਾ ਨਾਮਣਾ ਖੱਟਣ ਲਈ ਕਰਾਮਾਤ ਕਰਦੇ ਹਨ, ਨਾ ਦੂਜੇ ਸੰਪਰਦਾਇ ਪ੍ਰਤੀਨਿਧ ਦਾ ਨੁਕਸਾਨ ਕਰਨ ਲਈ ਸਗੋਂ ਉਹਨਾਂ ਦਾ ਕਰਾਮਾਤੀ ਕਾਰਜ ਗਹਿਰ ਗੰਭੀਰ ਅਤੇ ਪ੍ਰਭਾਵਸ਼ਾਲੀ ਹੈ। ਗੁਰੂ ਨਾਨਕ ਦੀ ਦਿੱਬ ਦ੍ਰਿਸ਼ਟੀ ਇਸ ਗੱਲ ਵਿਚ ਵਿਦਮਾਨ ਹੈ ਕਿ ਉਹਨਾਂ ਦੇ ਸਾਰੇ ਪ੍ਰਕਾਰਜ ਹੰਕਾਰਹੀਣ, ਵਿਖਾਵੇ ਤੋਂ ਰਹਿਤ ਹਨ। ਇਹਨਾਂ ਦਾ ਮੂਲ਼ ਮੰਤਵ ਸਰਬੱਤ ਦਾ ਭਲਾ ਹੈ।[19]

ਜਨਮਸਾਖੀਆਂ ਵਿਚ ਗੁਰੂ ਨਾਨਕ ਦੀ ਦਿੱਬ ਦ੍ਰਿਸ਼ਟੀ ਨੂੰ ਪੇਸ਼ ਕਰਨ ਵਾਲੀ ਦੂਜੀ ਕਾਰਜੀ ਜੁਗਤ ਉਹਨਾਂ ਦੇ ਮੂੰਹੋਂ ਉਚਾਰੀ ਬਾਣੀ ਹੈ। ਉਹਨਾਂ ਦਾ ਆਤਮ-ਚਿੰਤਨ ਕਾਵਿਮਈ ਬਾਣੀ ਰਾਹੀਂ ਵਿਦਮਾਨ ਹੁੰਦਾ ਹੈ। ਬਾਣੀ ਉਹਨਾਂ ਲਈ ਸਿੱਖ ਮਤ ਦੇਣ, ਬ੍ਰਹਮ ਦੀ ਸਿੱਖਿਆ ਸੰਚਾਰਨ ਅਤੇ ਜਗਤ ਨਿਸਤਾਰਨ ਦਾ ਸਾਧਨ ਹੈ। ਬਾਣੀ ਚਰਿੱਤਰ ਵਿਚ ਦੈਵੀ ਗੁਣਾਂ ਦਾ ਪਾਸਾਰ ਹੈ। ਗੁਰੂ ਨਾਨਕ ਰੱਬੀ ਉਪਦੇਸ਼ (Universal discourse) ਦੇਣ ਦਾ ਪੈਗੰਬਰੀ ਕਾਰਜ ਕਰਦੇ ਹਨ। ਅਦਭੁਤ ਘਟਨਾ ਪ੍ਰਸੰਗ ਪਿਛੋਂ ਗੁਰੂ ਜੀ ਬਾਣੀ ਪਾਠ ਰਾਹੀਂ ਜਗਤ ਨਿਸਤਾਰਣ ਦਾ ਕਾਰਜ ਕਰਦੇ ਹਨ। ਇੰਜ ਗੁਰਬਾਣੀ ਸਹਿਜ ਰੂਪ ਵਿਚ ਕਰਾਮਾਤੀ ਕਾਰਜ ਕਰਦੀ ਹੈ। ਬਾਣੀ ਜਨਮਸਾਖੀਆਂ ਵਿਚ ਮੰਤਰ ਜੁਗਤ ਦਾ ਰੂਪ ਹੈ, ਜਿਸ ਰਾਹੀਂ ਕਰਾਮਾਤੀ ਕਾਰਜ ਹੁੰਦੇ ਹਨ। ਗੁਰਬਾਣੀ ਦੇ ਪਾਠ ਰਾਹੀਂ ਜਨਮਸਾਖੀ ਦਾ ਨਾਇਕ ਸਹਿਜ ਰੂਪ ਵਿਚ ਚਮਤਕਾਰੀ ਬਣ ਜਾਂਦਾ ਹੈ, ਜਿਸ ਨਾਲ ਸਮਾਜ ਦੇ ਹਨੇਰੇ ਵਿਚ ਭਟਕਦੇ ਕਰਮਕਾਂਢੀ, ਅਗਿਆਨੀ, ਠੱਗ, ਚੋਰ, ਕਪਟੀ ਮਨੁੱਖ ਸਿੱਧੇ ਮਾਰਗ 'ਤੇ ਚਲਦੇ ਹਨ।

ਜਨਮਸਾਖੀਆਂ ਮੂਲ ਰੂਪ ਵਿਚ ਗੁਰੂ ਨਾਨਕ ਦੇਵ ਜੀ ਦੇ ਜੀਵਨ-ਚਰਿੱਤਰ ਹਨ। ਇਹ ਜੀਵਨ ਚਰਿੱਤਰ ਗੋਸ਼ਟਿ ਵਿਧੀ ਨਾਲ ਉਸਾਰੇ ਗਏ ਹਨ। ਜਨਮਸਾਖੀਆਂ ਦਾ ਕਥਾ ਚੱਕਰ ਗੋਸ਼ਟਿ ਵਿਧੀ ਅਰਥਾਤ ਸੰਵਾਦ ਆਸਰੇ ਚੱਲਦਾ ਹੈ। ਸੰਵਾਦ ਕਥਾ ਨੂੰ ਅਟੁੱਟ ਪ੍ਰਵਾਹ ਵਿਚ ਪੇਸ਼ ਕਰਨ ਦੀ ਥਾਂ ਉਸ ਨੂੰ ਸਥਿਤੀ ਖੰਡਾਂ ਵਿਚ ਪੇਸ਼ ਕਰਦਾ ਹੈ। ਇਸ ਵਿਚ ਪਾਤਰਾਂ ਨੂੰ ਉਹਨਾਂ ਦੇ ਵਿਚਾਰ ਰਾਹੀਂ ਉਘਾੜਿਆ ਜਾਂਦਾ ਹੈ। ਪਾਤਰਾਂ ਦੀ ਮਾਨਸਿਕ ਸਥਿਤੀ ਅਤੇ ਗਤੀਵਿਧੀ ਉਹਨਾਂ ਦੇ ਸੰਵਾਦ ਰਾਹੀਂ ਮੂਰਤੀਮਾਨ ਹੁੰਦੀ ਹੈ। ਸੰਵਾਦ ਰਾਹੀਂ ਹੀ ਪਾਤਰਾਂ ਦੀ ਜੀਵਨ-ਦ੍ਰਿਸ਼ਟੀ ਉਘੜਦੀ ਹੈ। ਸੰਵਾਦ ਦੀ ਬੁਨਿਆਦ ਪਲ਼ੇਟੋ ਅਰਸਤੂ ਦੇ ਦਾਰਸ਼ਨਿਕ ਪ੍ਰਵਚਨਾਂ ਅਤੇ ਮਧਕਾਲੀਨ ਪੰਜਾਬੀ ਸਾਹਿਤ ਦੀ ਗੋਸ਼ਟਿ ਪਰੰਪਰਾ ਨਾਲ ਜਾ ਜੁੜਦੀ ਹੈ। 'ਸਿਧ ਗੋਸ਼ਟਿ' ਗੋਸ਼ਟਿ ਦੀ ਵਿਧਾ ਦੇ ਅੰਤਰਗਤ ਲਿਖੀ ਗਈ ਸ਼ਾਹਕਾਰ ਰਚਨਾ ਹੈ। ਦਰਅਸਲ ਗੋਸ਼ਟਿ ਸ਼ਬਦ ਸੰਸਕ੍ਰਿਤ ਦੀ 'ਗੋਸ਼ਠ' ਧਾਤੂ ਤੋਂ ਬਣਿਆ ਹੈ, ਜਿਸਦਾ ਅਰਥ ਹੈ-ਇਕੱਠਾ ਕਰਨਾ। ਪਹਿਲਾਂ ਇਹ ਸ਼ਬਦ ਗਊਆਂ ਦੇ ਠਹਿਰਨ ਦੀ ਥਾਂ ਲਈ ਵਰਤਿਆ ਜਾਂਦਾ ਸੀ ਪਰ ਹੁਣ ਇਸਦੀ ਵਰਤੋਂ ਮਿਲ ਕੇ ਬੈਠੇ ਹੋਏ ਲੋਕਾਂ ਵਿਚਲੀ ਗੱਲਬਾਤ, ਵਾਰਤਾਲਾਪ ਜਾਂ ਵਿਚਾਰ-ਚਰਚਾ ਲਈ ਹੋਣ ਲੱਗ ਪਈ ਹੈ।[20]

ਜਨਮਸਾਖੀਆਂ ਵਿਚਲੀ ਗੋਸ਼ਟਿ ਆਪਸੀ ਸਦਭਾਵ, ਸਹਿਨਸ਼ੀਲਤਾ ਅਤੇ ਸਤਿਕਾਰ ਪ੍ਰਗਟ ਕਰਨ ਨਾਲ ਸੰਪੂਰਨ ਹੁੰਦੀ ਹੈ। ਗੁਰੂ ਨਾਨਕ ਸਮੁੱਚੀ ਗੋਸਟਿ ਵਿਚ ਆਪਣੀ ਦਾਰਸ਼ਨਿਕ ਪ੍ਰਤਿਭਾ, ਆਤਮ ਗਿਆਨ ਅਤੇ ਵਿਚਾਰਾਂ ਦੀ ਵਿਆਖਿਆ ਕਰਕੇ ਨਾਇਕ ਦੇ ਰੂਪ ਵਿਚ ਉਭਰਦੇ ਹਨ। ਇਸ ਪ੍ਰਸੰਗ ਵਿਚ ਪੁਰਾਤਨ ਜਨਮਸਾਖੀ ਵਿਚ ਦਰਜ 'ਸੇਖ ਬ੍ਰਿਹਮ ਨਾਲ ਗੋਸ਼ਟਿ' ਵਰਣਨਯੋਗ ਹੈ।

ਗੁਰੂ ਨਾਨਕ ਦੇਵ ਜੀ ਦੀ ਜੀਵਨ-ਯਾਤਰਾ ਦਾ ਮਹੱਤਵਪੂਰਣ ਪੜਾਅ ਉਹਨਾਂ ਦੀਆਂ ਉਦਾਸੀਆਂ ਹਨ। ਉਦਾਸੀਆਂ ਗੁਰੂ ਸਾਹਿਬ ਦੁਆਰਾ ਵਿਭਿੰਨ ਖੇਤਰਾਂ ਵਿਚ ਕੀਤੀਆਂ ਯਾਤਰਾਵਾਂ ਹਨ। ਇਹਨਾਂ ਉਦਾਸੀਆਂ ਦੌਰਾਨ ਗੁਰੂ ਸਾਹਿਬ ਨੇ ਪੰਡਤਾਂ, ਮੌਲਵੀਆਂ, ਜੋਗੀਆਂ, ਸਾਧੂਆਂ, ਪਾਖੰਡੀਆਂ, ਠੱਗਾਂ, ਚੋਰਾਂ, ਰਾਕਸ਼ਾਂ ਨਾਲ ਗੋਸ਼ਟਾਂ ਕੀਤੀਆਂ। ਗੁਰੂ ਸਾਹਿਬ ਨੇ ਚਾਰ ਉਦਾਸੀਆਂ ਕੀਤੀਆਂ। ਪਹਿਲੀ ਉਦਾਸੀ ਪੂਰਬ ਵੱਲ, ਦੂਜੀ ਦੱਖਣ ਵੱਲ, ਤੀਜੀ ਉੱਤਰ ਵੱਲ ਅਤੇ ਚੌਥੀ ਉਦਾਸੀ ਪੱਛਮ ਵੱਲ ਕਰਕੇ ਗੁਰੂ ਸਾਹਿਬ ਨੇ ਚਾਰੇ ਦਿਸ਼ਾਵਾਂ ਦੇ ਲੋਕਾਂ ਨਾਲ ਸੰਵਾਦ ਰਚਾਇਆ। ਪੂਰਬ, ਦੱਖਣ, ਉੱਤਰ, ਪੱਛਮ ਧਰਤੀ ਦੀ ਭੂਗੋਲਿਕ ਵੰਡ ਨਾਲ ਸਬੰਧਿਤ ਸ਼ਬਦ ਹਨ। ਦਾਰਸ਼ਨਿਕ ਦ੍ਰਿਸ਼ਟੀ ਤੋਂ ਇਹ ਸਮਾਨੰਤਰ ਪਰ ਵਿਭਿੰਨ ਜੀਵਨ-ਵਿਧੀਆਂ ਅਤੇ ਜੀਵਨ-ਦ੍ਰਿਸ਼ਟੀਆਂ ਅਰਥਾਤ ਸਭਿਆਚਾਰਾਂ ਨੂੰ ਪ੍ਰਗਟ ਕਰਦੇ ਸੰਕਲਪ ਹਨ, ਜਿਨ੍ਹਾਂ ਦਾ ਆਪੋ ਆਪਣਾ ਸਰੂਪ ਤੇ ਸੁਭਾਅ ਹੈ। ਪਹਿਲੀ ਉਦਾਸੀ (1497-1509) ਗੁਰੂ ਸਾਹਿਬ ਨੇ ਸੁਲਤਾਨਪੁਰ ਤੋਂ ਆਰੰਭ ਕੀਤੀ ਅਤੇ ਹਰਦੁਆਰ, ਮਥਰਾ, ਬਿੰਦ੍ਰਾਬਨ, ਅਯੁਧਿਆ, ਬਨਾਰਸ, ਕਾਸ਼ੀ, ਪ੍ਰਯਾਗ, ਗਯਾ, ਜਗਨਨਾਥ ਪੁਰੀ, ਕਾਮਰੂਪ, ਗੋਰਖ ਮੱਤਾ, ਰਾਮੇਸ਼ਵਰ, ਉਜੈਨ, ਸੋਮਨਾਥ, ਦੁਆਰਕਾ, ਕੁਰੁਕਸ਼ੇਤਰ ਆਦਿ ਥਾਵਾਂ ਤੇ ਗਏ। ਇਸ ਉਦਾਸੀ ਵੇਲੇ ਗੁਰੂ ਸਾਹਿਬ ਦਾ ਪਹਿਰਾਵਾ-"ਏਕੁ ਬਸਤਰ ਅੰਬੋਆ, ਏਕੁ ਬਸਤਰ ਚਿੱਟਾ, ਏਕੁ ਪੈਰੀ ਜੁੱਤੀ ਖੰਉਸ ਗਲ ਖਫਨੀ, ਸਿਰ ਟੋਪੀ, ਕਲੰਦਰੀ ਮਾਲਾ ਹੱਡਾਂ ਦੀ, ਮਥੈ ਤਿਲਕ ਕੇਸਰ ਕਾ।"[21] ਇਹ ਮਿਸ਼ਰਤ ਪਹਿਰਾਵਾ ਹੈ। ਦੂਜੀ ਉਦਾਸੀ (1510-1515) ਵਿਚ ਗੁਰੂ ਜੀ ਨੇ ਦੱਖਣ ਵੱਲ ਜਾ ਕੇ ਲੰਕਾ ਅਤੇ ਜੈਨੀਆਂ ਦੇ ਧਰਮ ਅਸਥਾਨਾਂ ਦੀ ਯਾਤਰਾ ਕੀਤੀ। ਇਸ ਉਦਾਸੀ ਸਮੇਂ ਗੁਰੂ ਜੀ ਦੇ ਪੈਰੀਂ ਖੜਾਵਾਂ, ਕਾਠ ਕੀਆਂ, ਹੱਥ ਆਸਾ, ਸਿਰ ਰੱਸੇ ਪਲੇਟੇ, ਬਾਹਾਂ ਜੰਘਾਂਰਸੇ ਪਲੇਟੇ, ਮੱਥੇ ਟਿੱਕਾ ਬਿੰਦਲੀ ਕਾ"[22] ਦੱਸਿਆ ਗਿਆ ਹੈ। ਤੀਜੀ ਉਦਾਸੀ (1515-1517) ਦੌਰਾਨ ਗੁਰੂ ਸਾਹਿਬ ਨੇ ਜੋਗੀਆਂ ਦੇ ਪ੍ਰਸਿੱਧ ਅਸਥਾਨਾਂ ਸੁਮੇਰ ਪਰਬਤ ਅਤੇ ਅੱਚਲ ਦੀ ਯਾਤਰਾ ਕੀਤੀ। ਇਸ ਦੌਰਾਨ ਕਸ਼ਮੀਰ ਦੇ ਪੰਡਿਤ ਬ੍ਰਹਮ ਦਾਸ ਨਾਲ ਗਿਆਨ ਗੋਸ਼ਟਿ ਕੀਤੀ। ਇਸ ਸਮੇਂ ਹੱਸੂ ਲੁਹਾਰ ਅਤੇ ਸ਼ੀਹਾ ਛੀਂਬਾ ਗੁਰੂ ਜੀ ਦੇ ਨਾਲ ਸਨ। ਇਸ ਉਦਾਸੀ ਸਮੇਂ "ਪੈਰੀਂ ਚਮੜਾ ਅਤੇ ਸਿਰ ਚਮੜਾ, ਸਾਰੀ ਦੇਹ ਲਪੇਅਸੁ ਅਤੇ ਮੱਥੇ ਟਿੱਕਾ ਕੇਸਰ ਕਾ।"[23] ਚੌਥੀ ਉਦਾਸੀ (1517-1521) ਸਮੇਂ ਗੁਰੂ ਸਾਹਿਬ ਇਰਾਨ, ਅਫ਼ਗਾਨਿਸਤਾਨ, ਬਗਦਾਦ ਅਤੇ ਮੱਕਾ ਮਦੀਨਾ ਆਦਿ ਥਾਵਾਂ 'ਤੇ ਗਏ। ਇਥੇ ਗੁਰੂ ਸਾਹਿਬ ਨੇ ਮੁਸਲਿਮ ਧਾਰਮਿਕ ਆਗੂਆਂ ਨਾਲ ਸੰਵਾਦ ਰਚਾਇਆ। ਇਸ ਉਦਾਸੀ ਸਮੇਂ 'ਪੈਰ ਖਉਸਾ ਚੰਮ ਕੀਆ ਅਤੇ ਚੰਮ ਕੀ ਸੁੱਥਣ, ਗਲ ਵਿਚ ਹੱਡੀਆਂ ਕੀ ਮਾਲਾ ਮਥੇ ਟਿੱਕਾ ਬਿੰਦੀ ਕਾ ਅਤੇ ਨੀਲੇ ਬਸਤਰ ਥੇ।"[24] ਨੀਲੇ ਬਸਤਰ ਤੁਰਕਾਂ ਦੀ ਪੌਸ਼ਾਕ ਸੀ ਅਤੇ ਹੱਡੀਆਂ ਦੀ ਮਾਲਾ ਸ਼ੈਵ ਮੱਤ ਦੇ ਸਾਧੂਆਂ ਦੀ ਪੌਸ਼ਾਕ ਸੀ। ਉਹਨਾਂ ਦੀ ਪੌਸ਼ਾਕ ਹਿੰਦੂ ਤੇ ਮੁਸਮਾਨ ਦੀ ਮਿਸ਼ਰਤ ਪੌਸ਼ਾਕ ਹੈ। ਚਾਰੇ ਉਦਾਸੀਆਂ ਦੌਰਾਨ ਭਾਈ ਮਰਦਾਨਾ ਗੁਰੂ ਸਾਹਿਬ ਦੇ ਅੰਗ ਸੰਗ ਰਿਹਾ। ਉਦਾਸੀਆਂ ਉਪਰੰਤ ਗੁਰੂ ਸਾਹਿਬ ਨੇ ਪਰਿਵਾਰ ਸਮੇਤ ਕਰਤਾਰਪੁਰ ਵਿਖੇ ਰਹਿ ਕੇ ਖੇਤੀ

ਕੀਤੀ, ਹਲ ਵਾਹਿਆ ਅਤੇ ਇਕ ਕਿਸਾਨ ਦਾ ਕਿਰਤੀ ਜੀਵਨ ਬਤੀਤ ਕੀਤਾ। ਪੁਰਾਤਨ ਜਨਮਸਾਖੀ ਨੇ ਗੁਰੂ ਸਾਹਿਬ ਨੂੰ ਸਰਬ ਸਾਂਝੇ ਮਹਾਂ ਪੁਰਸ਼ ਵਜੋਂ ਪੇਸ਼ ਕੀਤਾ ਹੈ। ਉਹ ਹਿੰਦੂਆਂ ਲਈ 'ਦੇਵਤਾ ਸਰੂਪ' ਅਤੇ ਮੁਸਲਮਾਨਾਂ ਲਈ 'ਖੁਦਾ ਦਾ ਸਾਦਿਕ' ਦੇ ਰੂਪ ਵਿਚ ਪ੍ਰਗਟ ਹੁੰਦੇ ਹਨ।

ਗੁਰੂ ਨਾਨਕ ਦੇਵ ਜੀ ਵੱਲੋਂ ਫ਼ਰੀਦ ਬਾਣੀ ਇਕੱਠੀ ਕਰਨ ਅਤੇ ਗੁਰੂ ਅਰਜਨ ਦੇਵ ਜੀ ਵੱਲੋਂ ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਿਲ ਕਰਨ ਨਾਲ ਬਾਬਾ ਫ਼ਰੀਦ ਅਤੇ ਫ਼ਰੀਦ ਬਾਣੀ ਸਿਖ ਮਾਨਸਿਕਤਾ ਅਤੇ ਸਿਮਰਤੀ ਦਾ ਭਾਗ ਬਣ ਗਏ। ਇਸ ਦੇ ਸਿੱਟੇ ਵਜੋਂ ਗੁਰੂ ਨਾਨਕ ਦੇਵ ਜੀ ਦੀਆਂ ਜਨਮਸਾਖੀਆਂ ਅਤੇ ਭਗਤਾਂ ਦੀਆਂ ਪਰਚੀਆਂ ਦੇ ਨਾਲ-ਨਾਲ 'ਮਸਲੇ ਸ਼ੇਖ ਫਰੀਦ ਕੇ' ਵਰਗੀਆਂ ਜੀਵਨੀ-ਪਰਕ ਰਚਨਾਵਾਂ ਦੀ ਸਿਰਜਣਾ ਵੀ ਹੋਣ ਲੱਗੀ। ਇਸ ਵਿਚ ਜਨਮਸਾਖੀਆਂ ਦੇ ਪੈਟਰਨ ਉੱਪਰ ਬਾਬਾ ਫਰੀਦ ਦੇ ਸੰਸਾਰਕ ਅਤੇ ਅਧਿਆਤਮਿਕ ਜੀਵਨ ਨੂੰ ਮਿਥਿਹਾਸਿਕ ਰੂਪ ਵਿਚ ਪੇਸ਼ ਕੀਤਾ ਹੈ। ਵਾਰਤਕ ਦੇ ਇਤਿਹਾਸ ਵਿਚ ਪ੍ਰਾਪਤ ਮਸਲਿਆਂ ਵਿਚ ਇਸਲਾਮੀ ਪੀਰਾਂ ਫਕੀਰਾਂ, ਪੈਗੰਬਰਾਂ, ਇਮਾਂਮਾਂ ਅਤੇ ਹੋਰ ਧਰਮ ਆਗੂਆਂ ਦਾ ਜੀਵਨ ਬਿਰਤਾਂਤ ਅਤੇ ਸ਼ਰਾਅ, ਸ਼ਰੀਅਤ ਅਤੇ ਸੂਫੀ ਸਿਧਾਂਤਾਂ ਬਾਰੇ ਗ਼ੈਰ ਮੁਸਲਿਮ ਲੇਖਕਾਂ ਵੱਲੋਂ ਲਿਖਣਾ ਬਹੁ-ਸਭਿਆਚਾਰਵਾਦ ਦਾ ਵਿਹਾਰਕ ਰੂਪ ਹੈ। 'ਮਸਲਾ ਮੂਸੇ ਪੈਗੰਬਰ ਕਾ', ਮਸਲਾ ਹਸਨ ਹੁਸੈਨ ਕਾ', ਸੁਖਨ ਫਕੀਰਾਂ ਦੇ, ਪੱਕੀ ਰੋਟੀ, ਪਰਚੀਆਂ ਸੂਫੀ ਫਕੀਰਾਂ, ਪਰਚੀ ਰਾਬਿਆ ਜੀ ਕੀ, ਪਰਚੀ ਅਵੈਧ ਕਰਨੀ ਕੀ, ਪਰਚੀ ਮਨਸੂਰ ਕੀ, ਆਦਿ ਰਚਨਾਵਾਂ ਤੋਂ ਇਲਾਵਾ ਦੋ ਅਨੁਵਾਦ 'ਪਾਰਸ ਭਾਗ' ਅਤੇ 'ਮਸਨਵੀ ਮੌਲਾਨਾ ਰੂਮੀ' ਆਦਿ ਰਚਨਾਵਾਂ ਇਸ ਪ੍ਰਸੰਗ ਵਿਚ ਵਿਸ਼ੇਸ਼ ਰੂਪ ਵਿਚ ਵਰਣਨਯੋਗ ਹਨ।

ਗੁਰੂ ਸਾਹਿਬ ਨਾਲ ਹੱਸੂ ਲੁਹਾਰ, ਸ਼ੀਹਾ ਛੀਂਬਾ, ਬਾਲਾ ਤੇ ਮਰਦਾਨਾ ਦੀ ਸੋਹਬਤ ਅਤੇ ਸੁਲਤਾਨਪੁਰ ਦੀ ਵੇਈਂ ਵਿਚ ਤਿੰਨ ਦਿਨ ਅਲੋਪ ਰਹਿਣ ਪਿਛੋਂ ਗੁਰੂ ਨਾਨਕ ਦੇਵ ਜੀ ਵੱਲੋਂ ਬਾਹਰ ਆ ਕੇ ਉਚਾਰਿਆ ਪ੍ਰਾਰੰਭਕ ਧਰਮ ਵਾਕ 'ਨ ਕੋ ਹਿੰਦੂ ਨ ਮੁਸਲਮਾਨ' ਮਨੁੱਖੀ ਸਾਂਝ, ਬਰਾਬਰੀ ਅਤੇ ਭਾਈਚਾਰੇ ਦੀ ਖ਼ੂਬਸੂਰਤ ਮਿਸਾਲ ਹੈ। ਇਹ ਮਹਾਂਵਾਕ ਸਮੁੱਚੇ ਮਾਨਵੀ ਜਗਤ ਦੀ ਸਾਂਝੀਵਾਲਤਾ ਦਾ ਪ੍ਰਮਾਣ ਹੈ। ਭਾਈ ਸੰਤੋਖ ਸਿੰਘ ਜੀ 'ਨਾਨਕ ਪ੍ਰਕਾਸ਼' ਦੇ ਸ਼ੁਰੂ ਵਿਚ ਲਿਖਦੇ ਹਨ ਕਿ ਨਾਮ ਸੰਸਕਾਰ ਸਮੇਂ ਜਦੋਂ ਪੰਡਿਤ ਨੇ 'ਨਾਨਕ' ਨਾਮ ਰੱਖਿਆ ਤਾਂ ਪਿਤਾ ਕਾਲੂ ਜੀ ਨੇ ਇਸ ਨਾਮ ਦੀ ਕਿਸਮ ਅਤੇ ਧਾਰਮਿਕ ਅਸਪਸ਼ਟਤਾ ਬਾਰੇ ਸ਼ੰਕਾ ਜਾਹਿਰ ਕੀਤਾ 'ਰਲਮਿਲ ਨਾਮ ਸੁ ਤੁਰਕ ਨ ਹਿੰਦੂ' ਤਾਂ ਵਿਦਵਾਨ ਪੰਡਿਤ ਨੇ ਸਪੱਸ਼ਟ ਕੀਤਾ ਕਿ 'ਰਾਮ ਕਿਸਨ ਅਵਤਾਰ ਹੋ ਹਰ ਕਾ। ਪੂਜਹਿ ਹਿੰਦੂ ਨ ਮਾਨਹਿ ਤੁਰਕਾ। ਇਹ ਸਿਸ ਕੋ ਮਾਨਹਿੰਗੇ ਦੋਊ। ਹਿੰਦੂ ਤੁਰਕ ਸਿਖ ਹੁਇ ਸਭ ਕੋਊ'। ਸੋ ਸਾਂਝੀਵਾਲਤਾ ਦੇ ਇਸ਼ਾਰੇ ਨਾਨਕ ਨਾਮ ਵਿਚ ਹੀ ਸਮੋਏ ਹੋਏ ਹਨ। ਇਸੇ ਕਰਕੇ ਸਿੱਖ ਅਰਦਾਸ ਵਿਚ ਸਰਬੱਤ ਦੇ ਭਲੇ ਅਤੇ ਨਾਨਕ ਨਾਮ ਦੀ ਚੜ੍ਹਦੀ ਕਲਾ ਦੀ ਕਾਮਨਾ ਕਰਦੇ ਹਨ। ਨਾਨਕ ਕੇਵਲ ਇਕ ਨਾਮ ਨਹੀਂ ਸਗੋਂ ਸਮੁੱਚੀ ਸ੍ਰਿਸ਼ਟੀ, ਕਾਇਨਾਤ ਦੇ ਸਾਂਝੇ ਧਰਮ ਵਲ ਖ਼ੂਬਸੂਰਤ ਰੱਬੀ ਸੈਨਤ ਹੈ।[25]

ਜਨਮਸਾਖੀਆਂ ਵਿਚ ਵਿਭਿੰਨ ਧਰਮਾਂ/ਸਭਿਆਚਾਰਾਂ ਦੀਆਂ ਵਿਸ਼ਵਾਸ ਪਰੰਪਰਾਵਾਂ ਅਤੇ ਰਹੁ-ਰੀਤਾਂ ਨੂੰ ਨਵੇਂ ਸੰਦਰਭ ਵਿਚ ਪੇਸ਼ ਕਰਕੇ ਇਹਨਾਂ ਵਿਚਲੀ ਰੂਹਾਨੀ ਸਾਂਝ ਦੇ ਧਰਾਤਲ ਨੂੰ ਤਲਾਸ਼ ਕਰਨ ਦਾ ਉਪਰਾਲਾ ਕੀਤਾ ਗਿਆ ਹੈ। ਹਿੰਦੂ ਧਰਮ ਵਿਚ ਕਰਮਕਾਂਢ ਬਣ ਚੁਕੇ ਸੂਤਕ, ਜਨੇਊ, ਕੁੰਡਲੀ, ਆਰਤੀ, ਤੀਰਥ ਇਸ਼ਨਾਨ ਜਨਮਸਾਖੀਆਂ ਵਿਚ ਦੈਵੀ ਰੂਪ ਧਾਰਣ ਕਰਦੇ ਹਨ। ਬਾਬਾ ਨਾਨਕ ਵਰਣ-ਵਿਵਸਥਾ ਜਾਂ ਜਾਤੀ ਪ੍ਰਥਾ ਨੂੰ ਅਧਿਆਤਮਕ ਧਰਾਤਲ ਉੱਪਰ ਰੱਦ ਕਰਦਿਆਂ ਮਨੁੱਖ ਦੀ ਬਰਾਬਰੀ ਅਤੇ ਭਾਈਚਾਰਕ ਸਾਂਝ ਦਾ ਸੰਕਲਪ ਪੇਸ਼ ਕਰਦਾ ਹੈ। ਇਸ ਵਿਚ ਜਾਤੀ ਦੀ ਥਾਂ ਜੋਤਿ ਦੇ ਮਹੱਤਵ ਨੂੰ ਉਜਾਗਰ ਕੀਤਾ ਗਿਆ ਹੈ। ਧਰਤੀ ਤੇ ਵਿਚਰਦੀਆਂ ਸਾਰੀਆਂ ਆਰੀਆਈ ਅਤੇ ਸਾਮੀ ਧਰਮ ਦੀਆਂ ਦਿਸ਼ਾਵਾਂ ਜੋਗੀਆਂ, ਕਾਜ਼ੀਆਂ, ਪੰਡਿਤਾਂ ਦੇ ਸੰਵਾਦ ਰਾਹੀਂ ਗੁਰੂ ਦੇ ਸਮਰਪਣ ਵਿਚ ਆ ਕੇ ਸੰਪੂਰਨਤਾ ਪ੍ਰਾਪਤ ਕਰਦੀਆਂ ਹਨ। ਜਨਮਸਾਖੀਆਂ ਵਿਚ ਸਭਿਆਚਾਰਕ ਭਿੰਨਤਾਵਾਂ ਦੀ ਪਛਾਣ ਦਾ ਆਧਾਰ ਗਿਆਨ ਅਤੇ ਪ੍ਰੇਮ ਹੈ। ਗਿਆਨ ਸਾਡੇ ਆਪੇ ਨੂੰ ਜਗਾਉਂਦਾ ਹੈ ਪਰ ਪ੍ਰੇਮ ਪੂਰੇ ਬ੍ਰਹਿਮੰਡ ਨੂੰ ਰੌਸ਼ਨ ਕਰ ਸਕਦਾ ਹੈ।

ਬੇਸ਼ੱਕ ਮਧਕਾਲੀਨ ਪੰਜਾਬੀ ਵਾਰਤਕ ਆਪਣੀਆਂ ਸਮਾਜ-ਸਭਿਆਚਾਰਕ/ਸੰਪਰਦਾਇਕ ਸਥਿਤੀਆਂ ਨਾਲ ਬੱਝੀ ਹੋਈ ਹੈ ਪਰ ਇਸ ਵਿਚਲਾ ਪ੍ਰਵਚਨ ਵਿਸ਼ਵ ਵਿਆਪੀ ਲੱਛਣਾਂ ਦਾ ਧਾਰਨੀ ਹੈ। ਦਿੱਬਤਾ ਸਭ ਸੰਪਰਦਾਵਾਂ ਦਾ ਸਾਂਝਾ ਵਿਰਸਾ ਹੈ ਪਰ ਸੰਪਰਦਾਇਕਤਾ ਉਹਨਾਂ ਸਭ ਦੀ ਆਪੋ ਆਪਣੀ ਵਿਲੱਖਣਤਾ। ਦੈਵੀ ਸਾਂਝ ਅਤੇ ਸੰਪਰਦਾਇਕ ਵਿਲੱਖਣਤਾ ਜਨਮਸਾਖੀ ਦਾ ਸੰਰਚਨਾਤਮਕ ਸਿਧਾਂਤ ਹੈ। ਮਧਕਾਲੀਨ ਪੰਜਾਬੀ ਵਾਰਤਕ ਅਤੇ ਵਿਸ਼ੇਸ਼ ਰੂਪ ਵਿਚ ਜਨਮਸਾਖੀ ਭਿੰਨਤਾ ਵਿਚ ਏਕਤਾ ਦਾ ਬਹੁ ਅਤੇ ਪਾਰ-ਸਭਿਆਚਾਰਕ ਮਾਡਲ ਪੇਸ਼ ਕਰਦੀ ਹੈ।

## ਹਵਾਲੇ


1. ਗੁਰਬਖਸ਼ ਸਿੰਘ ਫਰੈਂਕ, **ਸਭਿਆਚਾਰ ਅਤੇ ਪੰਜਾਬੀ ਸਭਿਆਚਾਰ**, ਪੰਨਾ 37.
2. **ਉਹੀ**, ਪੰਨਾ 37.
3. **ਉਹੀ**, ਪੰਨਾ 38.
4. **ਉਹੀ**, ਪੰਨਾ 38.
5. ਗੁਰਭਗਤ ਸਿੰਘ, **ਵਿਸਮਾਦੀ ਪੂੰਜੀ**, ਪੰਨਾ 98.
6. **ਉਹੀ**, ਪੰਨਾ 15.
7. **ਸਭਿਆਚਾਰ ਅਤੇ ਪੰਜਾਬੀ ਸਭਿਆਚਾਰ**, ਪੰਨਾ 111.
8. **ਉਹੀ**, ਪੰਨਾ 112.
9. **ਉਹੀ**.
10. **ਉਹੀ**, ਪੰਨਾ 111.
11. **ਉਹੀ**, ਪੰਨਾ 109.
12. **ਉਹੀ**, ਪੰਨਾ 110.
13. **ਉਹੀ**, ਪੰਨਾ 110-11.
14. **ਉਹੀ**, ਪੰਨਾ 111.
15. **ਉਹੀ**, ਪੰਨਾ 109.
16. **ਵਿਸਮਾਦੀ ਪੂੰਜੀ**, ਪੰਨਾ 11
17. ਪਰਮਜੀਤ ਸਿੰਘ ਸਿੱਧੂ, "ਜਨਮਸਾਖੀ ਮਿਥ ਦਾ ਸੀਮੀਓਲੋਜੀਕਲ ਅਧਿਐਨ", **ਖੋਜ ਪੱਤ੍ਰਿਕਾ**, ਪੁਰਾਤਨ ਵਾਰਤਕ ਵਿਸ਼ੇਸ਼ ਅੰਕ, ਪੰਨਾ 75.
18. ਹਰਿਭਜਨ ਸਿੰਘ, "ਪੁਰਾਤਨ ਜਨਮਸਾਖੀ", **ਮੁੱਲ ਤੇ ਮੁਲਾਂਕਣ**, ਪੰਨਾ 35.
19. ਡਾ. ਅਮਰ ਕੋਮਲ,"ਜਨਮਸਾਖੀਆਂ ਦਾ ਮਿਥਕ ਅਧਿਐਨ, **ਖੋਜ ਪੱਤ੍ਰਿਕਾ**, ਪੁਰਾਤਨ ਵਿਸ਼ੇਸ਼ ਅੰਕ, ਪੰਨਾ 69.
20. ਗੁਰਦੀਪ ਕੌਰ, "ਗੋਸ਼ਟਿ ਪਰਿਚੈ" **ਪੰਜਾਬੀ ਦੁਨੀਆਂ**, ਜੂਨ-ਜੁਲਾਈ 1981,ਪੰਨਾ 63.
21. **ਪੁਰਾਤਨ ਜਨਮ ਸਾਖੀ**, ਸਾਖੀ ਨੰ.16.
22. **ਉਹੀ**, ਸਾਖੀ ਨੰ.42.
23. **ਉਹੀ**, ਸਾਖੀ ਨੰ.49.
24. **ਉਹੀ**, ਸਾਖੀ ਨੰ.51.
25. ਅਵਤਾਰ ਸਿੰਘ, **ਸਿਖ ਸੈਨਤਾਂ**, ਪੰਨਾ 33.


◈